# ਪ੍ਰਾਇਮਰੀ ਇਕ ਦਾਖਲਾ (Primary One Admission) (POA) 2026
# ਕੇਂਦਰੀ ਵੰਡ (Central Allocation) ਲਈ ਸਕੂਲਾਂ ਦੀ ਚੋਣ

(1) ਜਿਨ੍ਹਾਂ ਬੱਚਿਆਂ ਨੂੰ ਵਿਵੇਕਸ਼ੀਲ ਸਥਾਨ (discretionary place) ਦੀ ਪੇਸ਼ਕਸ਼ ਨਹੀਂ ਕੀਤੀ ਗਈ ਹੈ, ਉਹ ਕੇਂਦਰੀ ਵੰਡ (Central Allocation) ਵਿੱਚ ਹਿੱਸਾ ਲੈਣਗੇ। ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਸਕੂਲਾਂ ਦੀ ਚੋਣ ਫਾਰਮ (Choice of Schools Form)' ਲੈਣ ਲਈ **ਕਵਰਿੰਗ ਲੈਟਰ ਅਤੇ ਆਪਣਾ ਹਾਂਗ ਕਾਂਗ ਪਛਾਣ ਪੱਤਰ** (Hong Kong Identity Card) **ਨਾਲ ਲਿਆਉਣ** ਅਤੇ ਹੇਠਾਂ ਦਿੱਤੀਆਂ ਮਿਤੀਆਂ ਅਤੇ ਸਮੇਂ 'ਤੇ 3 ਕੇਂਦਰੀ ਵੰਡ ਕੇਂਦਰਾਂ (Central Allocation Centres) ਵਿੱਚੋਂ **ਕਿਸੇ ਇੱਕ** ਨੂੰ ਭਰਿਆ ਹੋਇਆ ਫਾਰਮ ਵਾਪਸ ਕਰਨ:

**ਮਿਤੀ:** **24 ਜਨਵਰੀ (ਸ਼ਨੀਵਾਰ) ਜਾਂ 25 ਜਨਵਰੀ (ਐਤਵਾਰ) 2026**
**ਸਮਾਂ :** ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਅਤੇ ਦੁਪਹਿਰ 1:30 ਵਜੇ ਤੋਂ ਸ਼ਾਮ 4:30 ਵਜੇ ਤੱਕ
**ਕੇਂਦਰੀ ਵੰਡ ਕੇਂਦਰ (Central Allocation Centre) (ਹੇਠਾਂ ਦਿੱਤੇ ਗਏ ਕੇਂਦਰਾਂ ਵਿੱਚੋਂ ਕੋਈ ਵੀ):**

**ਹਾਂਗ ਕਾਂਗ ਦ੍ਵੀਪ (Hong Kong Island)**
Rm 1421AB, Wu Chung House,
213 Queen’s Road East, Wan Chai, Hong Kong

**ਕੋਲੂਨ (Kowloon)**
School Places Allocation Section (POA)
Podium Floor, West Block,
Education Bureau Kowloon Tong Education Services Centre,
19 Suffolk Road, Kowloon Tong, Kowloon

**ਨਿਊ ਟੈਰੀਟੋਰੀਜ਼ (New Territories)**
N.T. Heung Yee Kuk Yuen Long District Secondary School
123 Kau Yuk Road, Yuen Long, New Territories

(2) **'ਸਕੂਲਾਂ ਦੀ ਚੋਣ ਫਾਰਮ (Choice of Schools Form)' ਦੇ ਭਾਗ A ਨੂੰ ਭਰਦੇ ਸਮੇਂ, ਮਾਪੇ ਕਿਸੇ ਵੀ ਸਕੂਲ ਨੈੱਟ ਤੋਂ 3 ਸਕੂਲਾਂ ਤੱਕ ਦੀ ਚੋਣ ਕਰ ਸਕਦੇ ਹਨ।** ਜੇਕਰ ਮਾਪਿਆਂ ਨੇ POA ਅਰਜ਼ੀ ਫਾਰਮਾਂ 'ਤੇ ਦਰਸਾਇਆ ਹੈ ਕਿ ਉਨ੍ਹਾਂ ਦੇ ਬੱਚੇ ਸਿੱਖਣ ਦੇ ਮਾਧਿਅਮ ਵਜੋਂ ਚੀਨੀ ਭਾਸ਼ਾ ਦੀ ਵਰਤੋਂ ਨਹੀਂ ਕਰ ਸਕਦੇ, **ਤਾਂ ਉਹ ਭਾਗ B ਭਰਦੇ ਸਮੇਂ ਆਪਣੇ ਹੋਮ ਨੈੱਟ* ਵਿੱਚ ਸਕੂਲ ਚੁਣ ਸਕਦੇ ਹਨ।** ਕਿਰਪਾ ਕਰਕੇ 'ਸਕੂਲਾਂ ਦੀ ਚੋਣ ਫਾਰਮ (Choice of Schools Form)' ਭਰਨ ਤੋਂ ਪਹਿਲਾਂ 'ਸਕੂਲਾਂ ਦੀ ਚੋਣ ਫਾਰਮ ਕਿਵੇਂ ਭਰੀਏ ਬਾਰੇ ਨੋਟਸ (Notes on How to Complete the Choice of Schools Form)' ਨੂੰ ਧਿਆਨ ਨਾਲ ਪੜ੍ਹੋ।

(3) ਵਿਅਕਤੀਗਤ ਸਕੂਲ ਨੈੱਟਾਂ ਦੀਆਂ ਸਕੂਲ ਸੂਚੀਆਂ ਉਸ ਕਿੰਡਰਗਾਰਟਨ ਜਾਂ ਕਿੰਡਰਗਾਰਟਨ-ਕਮ-ਚਾਈਲਡ ਕੇਅਰ ਸੈਂਟਰ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਿੱਥੇ ਬੱਚਾ ਪੜ੍ਹ ਰਿਹਾ ਹੈ, Education Bureau (EDB) ਦੀ ਵੈੱਬਸਾਈਟ (www.edb.gov.hk), EDB ਦੇ 24-ਘੰਟੇ ਆਟੋਮੈਟਿਕ ਟੈਲੀਫੋਨ ਪੁੱਛਗਿੱਛ ਸਿਸਟਮ (24-hour Automatic Telephone Enquiry System) (ਫੈਕਸੀਮਾਈਲ ਸੇਵਾ: 2891 0088) ਜਾਂ School Places Allocation Section (POA) ਤੋਂ।

## *ਕੇਂਦਰੀ ਵੰਡ (Central Allocation) ਦੇ ਨਤੀਜਿਆਂ ਦਾ ਐਲਾਨ*

ਕੇਂਦਰੀ ਵੰਡ (Central Allocation) ਦੇ ਨਤੀਜੇ 3 ਜੂਨ 2026 ਨੂੰ ਜਾਰੀ ਕੀਤੇ ਜਾਣਗੇ।

## *ਪੁੱਛਗਿੱਛ*

ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕੇਂਦਰੀ ਵੰਡ ਕੇਂਦਰ (Central Allocation Centre) ਦੇ ਸਟਾਫ ਨਾਲ ਸੰਪਰਕ ਕਰੋ, EDB ਦੀ POA ਵੈੱਬਸਾਈਟ [ਪਾਥ: EDB ਦੀ ਵੈੱਬਸਾਈਟ (www.edb.gov.hk) > Education System and Policy > Primary and Secondary Education > School Places Allocation Systems > Primary One Admission System] ਵੇਖੋ ਜਾਂ School Places Allocation Section ਦੇ Mr Jimmy WAN (ਟੈਲੀਫ਼ੋਨ: 2832 7640) ਜਾਂ Ms Esther CHAN (ਟੈਲੀਫ਼ੋਨ: 2832 7636) ਨਾਲ ਸੰਪਰਕ ਕਰੋ।

[ਅੰਗਰੇਜ਼ੀ ਅਤੇ ਨੇਪਾਲੀ/ਉਰਦੂ/ਹਿੰਦੀ/ਤਾਗਾਲੋਗ/ਥਾਈ/ਬਹਾਸਾ ਇੰਡੋਨੇਸ਼ੀਆਈ/ਪੰਜਾਬੀ (ਭਾਰਤੀ)/ਵੀਅਤਨਾਮੀ ਸੰਸਕਰਣਾਂ ਵਿੱਚ ਅੰਤਰ ਹੋਣ ਦੀ ਸਥਿਤੀ ਵਿੱਚ, ਅੰਗਰੇਜ਼ੀ ਸੰਸਕਰਣ ਲਾਗੂ ਹੋਵੇਗਾ ਅਤੇ ਪ੍ਰਬਲ ਹੋਵੇਗਾ।]

---

* ਕਿਰਪਾ ਕਰਕੇ "ਸਕੂਲਾਂ ਦੀ ਚੋਣ ਫਾਰਮ ਨੂੰ ਕਿਵੇਂ ਭਰਨਾ ਹੈ ਬਾਰੇ ਨੋਟਸ (Notes on How to Complete the Choice of Schools Form)" ਦੀ ਆਈਟਮ (੪) ਦਾ ਹਵਾਲਾ ਵੀ ਲਓ।

(Punjabi (Indian) Version)